CP-13

# ਪੰਜਾਬ ਸਟੇਟ ਟਰਾਂਸਮਿਸ਼ਨ ਸਟੇਟ ਕਾਰਪੋਰੇਸ਼ਨ ਲਿਮਟਿਡ

**(Speaking Order)**
**(ਮੂੰਹ ਬੋਲਦੇ ਹੁਕਮ)**

ਦਫ਼ਤਰੀ ਹੁਕਮ ਨੰ: 57 ਮੁੱਖ ਇੰਜੀ./ਟੀ.ਐਸ. ਮਿਤੀ: 27/3/24

ਜਿਵੇਂ ਕਿ ਸ੍ਰੀ ਪਾਰਸ ਵਰਮਾ, ਜੇ.ਈ. ਸਿਵਲ (ਆਈ.ਡੀ. ਨੰ: 602071) ਪੁੱਤਰ ਸ੍ਰੀ ਰਾਜ ਕੁਮਾਰ, ਨੂੰ ਅਣਗਹਿਲੀਆਂ/ਕੁਤਾਹੀਆਂ ਵਜੋਂ ਦੋਸ਼ ਸੂਚੀ ਨੰ: 4049 ਮਿਤੀ: 12.09.2023 ਜਾਰੀ ਕੀਤੀ ਗਈ ਸੀ।

ਜਦੋਂ ਉਹ ਸ੍ਰੀ ਪਾਰਸ ਵਰਮਾ, ਬਤੌਰ ਜੇ.ਈ./ਸਿਵਲ, ਨਿਗਰਾਨ ਇੰਜੀਨੀਅਰ/ਸਿਵਲ ਡਿਜ਼ਾਇਨ, ਪੀ.ਐਸ.ਟੀ.ਸੀ.ਐਲ., ਪਟਿਆਲਾ ਵਿਖੇ ਕੰਮ ਕਰਦਾ ਸੀ, ਤਾਂ ਉਸ ਨੇ ਉਸ ਦੌਰਾਨ ਹੇਠ ਲਿਖਿਆ ਅਣਗਹਿਲੀਆਂ/ਕੁਤਾਹੀਆਂ ਕੀਤੀਆਂ ਜੋ ਕਿ ਅਨੁਸ਼ਾਸ਼ਨ ਅਧੀਨ ਯੋਗ ਨਹੀ ਹਨ ਨੂੰ ਹੇਠ ਲਿਖੇ ਅਨੁਸਾਰ ਦੋਸ਼ ਸੂਚੀ ਜਾਰੀ ਕੀਤੀ ਗਈ:-

" ਉਸ ਵਲੋਂ ਮਿਤੀ 25.01.2023 ਤੋਂ 26.03.2023 ਤੱਕ ਕਮਾਈ ਛੁੱਟੀ ਭਰੀ ਗਈ ਸੀ। ਪਰੰਤੂ ਉਸ ਵਲੋਂ ਕਮਾਈ ਛੁੱਟੀ ਖਤਮ ਹੋਣ ਉਪਰੰਤ ਆਪਣੀ ਡਿਊਟੀ ਜੁਆਇੰਨ ਨਹੀਂ ਕੀਤੀ ਗਈ। ਇਸ ਸਬੰਧੀ ਵਧੀਕ ਨਿਗਰਾਨ ਇੰਜੀਨੀਅਰ/ਸਿਵਲ ਡਿਜਾਇਨ, ਪੀ.ਐਸ.ਟੀ.ਸੀ.ਐਲ. ਪਟਿਆਲਾ ਵਲੋਂ ਉਹਨਾਂ ਦੇ ਦਫਤਰੀ ਮੀਮੋ ਨੰ. 340 ਮਿਤੀ 03.04.2023, ਮੀਮੋ ਨੰ. 412 ਮਿਤੀ 28.04.2023, ਮੀਮੋ ਨੰ. 578 ਮਿਤੀ 08.06.2023 ਅਤੇ ਮੀਮੋ ਨੰ. 619 ਮਿਤੀ 20.06.2023 ਰਾਹੀਂ ਪੱਤਰ ਲਿਖੇ ਗਏ ਅਤੇ ਡਿਊਟੀ ਤੇ ਹਾਜ਼ਰ ਹੋਣ ਲਈ ਕਿਹਾ ਗਿਆ ਪਰ ਉਸ ਵੱਲੋਂ ਨਾਂ ਤਾਂ ਕੋਈ ਸਪਸ਼ਟੀਕਰਨ ਦਿੱਤਾ ਗਿਆ ਅਤੇ ਨਾ ਹੀ ਆਪਣੀ ਡਿਊਟੀ ਜੁਆਇੰਨ ਕੀਤੀ ਗਈ। ਇਸ ਤਰ੍ਹਾਂ ਉਸ ਨੂੰ ਮਿਤੀ 27.03.2023 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰਹਾਜ਼ਰ ਪਾਇਆ ਗਿਆ ਹੈ।

ਜਿਸ ਲਈ ਉਹ ਸ੍ਰੀ ਪਾਰਸ ਵਰਮਾ, ਜੇ.ਈ./ਸਿਵਲ (ਆਈ.ਡੀ.ਨੰ. 602071) ਅਧੀਨ ਦਫ- ਸਿਵਲ ਡਿਜ਼ਾਇਨ, ਪੀ.ਐਸ.ਟੀ.ਸੀ.ਐਲ. ਪਟਿਆਲਾ ਉਪਰੋਕਤ ਅਨੁਸਾਰ ਕੀਤੀਆਂ ਅਣਗਹਿਲੀਆਂ ਲਈ ਸਿੱਧੇ ਤੌਰ ਤੇ ਜਿੰਮੇਵਾਰ ਹੈ।

ਉਪਰੋਕਤ ਅਣਗਹਿਲੀਆਂ/ਕੁਤਾਹੀਆਂ ਦੋਸ਼ ਸਥਾਪਤ ਕਰਦੀਆਂ ਹਨ ਅਤੇ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਤ ਕਰਦੀਆਂ ਹਨ। ਇਨ੍ਹਾਂ ਅਣਗਿਹਲੀਆਂ/ਕੁਤਾਹੀਆਂ ਸਬੰਧੀ ਉਸਨੂੰ ਪੰ:ਰਾ:ਬਿ:ਬੋ: ਦੇ ਰੈਗੂਲੇਸ਼ਨ 1971 (ਸ਼ਜਾ ਅਤੇ ਅਪੀਲ ਤੇ ਰੈਗੂਲੇਸ਼ਨ -5 ਕਲਾਜ਼ (V to IX) ਜੋ ਕਿ ਰੈਗੂਲੇਸ਼ਨ 8 ਨਾਲ ਪੜਿਆ ਜਾਵੇ ਅਧੀਨ ਕਰਮਚਾਰੀ ਨੂੰ ਜਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਉਹ ਸਜ਼ਾ ਦਾ ਭਾਗੀ ਹੈ। "

ਜਿਸ ਦੇ ਸਬੰਧ ਵਿੱਚ ਕਰਮਚਾਰੀ ਦੁਆਰਾ ਜੁਆਬ ਭੇਜਿਆ ਗਿਆ ਕਿ ਉਹ ਆਪਣੇ ਘਰੇਲੂ ਹਾਲਾਤਾਂ ਦੇ ਕਾਰਨ ਮਜਬੂਰਨ ਦਫਤਰ ਵਿੱਚ ਹਾਜਰ ਨਹੀ ਹੋ ਸਕਿਆ ਅਤੇ ਹੋਰ ਛੁੱਟੀ ਦੀ ਮੰਗ ਕੀਤੀ।ਉਸ ਵੱਲੋਂ ਇਹ ਵੀ ਲਿਖਿਆ ਗਿਆ ਕਿ ਜੇਕਰ ਉਸਨੂੰ ਹੋਰ ਛੁੱਟੀ ਨਹੀ ਮੰਨਜੂਰ ਹੋ ਸਕਦੀ ਤਾਂ ਉਹ ਕੁੱਝ ਦਿਨਾਂ ਵਿੱਚ ਆਪਣਾ ਅਸਤੀਫਾ ਭੇਜ ਦੇਵੇਗਾ।ਪਰ ਇਸਦੇ ਬਾਵਜੂਦ ਵੀ ਕਰਮਚਾਰੀ ਆਪਣੇ ਦਫਤਰ ਵਿੱਚ ਹਾਜਰ ਨਹੀ ਹੋਇਆ ਅਤੇ ਨਾਂ ਹੀ ਆਪਣਾ ਅਸਤੀਫਾ ਪੇਸ਼ ਕੀਤਾ ਗਿਆ।

ਇਸ ਦੇ ਸਬੰਧ ਵਿੱਚ ਨਿਗਰਾਨ ਇੰਜੀ./ ਸਿਵਲ ਡਿਜ਼ਾਇਨ,ਪੀ.ਐਸ.ਟੀ.ਸੀ.ਐੱਲ.,ਪਟਿਆਲਾ, ਜੀ ਦੀ ਟਿੱਪਣੀ ਹੇਠ ਲਿਖੇ ਅਨੁਸਾਰ ਹੈ:-

Scanned by CamScanner

*ਨਿਮਨ ਹਸਤਾਖਰ ਵਧੀਕ ਨਿਗਰਾਨ ਇੰਜੀਨੀਅਰ ਸਿਵਲ ਡਿਜ਼ਾਇਨ ਦੇ ਨਾਲ ਸਹਿਮਤੀ ਦਿੰਦੇ ਹੋਏ ਵਿਚਾਰ ਰੱਖਦਾ ਹਾਂ ਕਿ ਉਕਤ ਕਰਮਚਾਰੀ ਦਾ ਦਫਤਰ ਵਿੱਚ ਹਾਜ਼ਰ ਨਾ ਹੋਣਾ ਅਤੇ ਗੈਰ ਜ਼ਿੰਮੇਵਰਾਨਾ ਜਵਾਬ ਪੇਸ਼ ਕਰਨਾ ਸਹੀ ਨਹੀਂ ਹੈ ਜਿਸ ਦੇ ਕਾਰਣ ਕਾਰਪੋਰੇਸ਼ਨ ਦੀਆਂ ਹਦਾਇਤਾਂ ਮੁਤਾਬਿਕ ਕਾਰਵਾਈ ਕਰਨੀ ਜਾਪਦੀ ਹੈ।*

ਉਪਰੋਕਤ ਦੇ ਮੱਦੇ-ਨਜਰ ਮੁੱਖ ਇੰਜੀ/ਟੀ.ਐਸ. ਦੀ ਦਫਤਰੀ ਪ੍ਰਵਾਨਗੀ ਉਪਰੰਤ ਦਫਤਰੀ ਹੁਕਮ ਨੰ. 202 ਮਿਤੀ: 20.11.2023 ਰਾਹੀ ਇੰਜੀ. ਗੁਰਕੰਵਲ ਸਿੰਘ, ਵਧੀਕ ਨਿਗਰਾਨ ਇੰਜੀ./ਸਿਵਲ ਡਿਜ਼ਾਇਨ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਇਸ ਕੇਸ ਦਾ ਇਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ।ਜਿਸ ਸਬੰਧੀ ਇੰਜੀ. ਗੁਰਕੰਵਲ ਸਿੰਘ, ਵਧੀਕ ਨਿਗਰਾਨ ਇੰਜੀ./ਸਿਵਲ ਡਿਜਾਇਨ ਦੁਆਰਾ ਉਨਾਂ ਦੇ ਦਫਤਰ ਦੇ ਪੱਤਰ ਮੀਮੋ ਨੰ; 55 ਮਿਤੀ: 18.01.2024 ਰਾਹੀ ਆਪਣੀ ਇੰਨਕੁਆਰੀ ਰਿਪੋਰਟ ਮੁੱਖ ਇੰਜ./ਟੀ.ਐਸ. ਦਫਤਰ ਨੂੰ ਪੇਸ਼ ਕੀਤੀ ਗਈ।

ਇੰਜੀ. ਗੁਰਕੰਵਲ ਸਿੰਘ, ਵਧੀਕ ਨਿਗ.ਇੰਜੀ/ਸਿਵਲ ਡਿਜ਼ਾਇਨ. ਦੁਆਰਾ ਇਨਕੁਆਰੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਉਨਾਂ ਦੁਆਰਾ ਪੱਤਰ ਮੀਮੋ ਨੰ: 1011 ਮਿਤੀ: 22.11.2023 ਰਾਹੀ ਕਰਮਚਾਰੀ ਨੂੰ 20 ਦਿਨਾਂ ਦੇ ਵਿੱਚ-ਵਿੱਚ ਉਨਾਂ ਦੇ ਸਨਮੁੱਖ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਪੇਸ਼ ਕਰਨ ਲਈ ਲਿਖ ਦਿੱਤਾ ਗਿਆ ਪਰ ਕਰਮਚਾਰੀ ਵਲੋਂ ਕੋਈ ਜੁਆਬ ਨਹੀ ਦਿੱਤਾ ਗਿਆ ਅਤੇ ਨਾਂ ਹੀ ਕਰਮਚਾਰੀ ਪੇਸ਼ ਹੋਇਆ । ਇਸ ਉਪਰੰਤ ਅਧਿਕਾਰੀ ਦੁਆਰਾ ਇੱਕ ਵਾਰ ਫਿਰ ਆਪਣੇ ਦਫਤਰੀ ਪੱਤਰ ਮੀਮੋ ਨੰ: 1082 ਮਿਤੀ: 13.12.2023 ਰਾਹੀ 7 ਦਿਨਾਂ ਦੇ ਅੰਦਰ-ਅੰਦਰ ਹਾਜਰ ਹੋਣ ਲਈ ਕਰਮਚਾਰੀ ਨੂੰ ਲਿਖਿਆ ਗਿਆ, ਪਰ ਕਰਮਚਾਰੀ ਦੁਆਰਾ ਮਿਤੀ: 19.12.2023 ਨੂੰ ਜੁਆਬ ਭੇਜ ਦਿੱਤਾ ਗਿਆ ਕਿ ਉਸ ਦੇ ਘਰ ਦੇ ਹਾਲਾਤ ਠੀਕ ਨਹੀ ਸਨ, ਜਿਸ ਕਾਰਨ ਉਹ ਦਫਤਰ ਜੁਆਇਨ ਨਹੀ ਕਰ ਸਕਿਆ ਅਤੇ ਉਸ ਦੁਆਰਾ ਬੇਨਤੀ ਕੀਤੀ ਗਈ, ਕਿ ਉਸ ਦਾ ਡਿਪਾਰਟਮੈਂਟ ਛੱਡਣ ਦਾ ਕੋਈ ਵਿਚਾਰ ਨਹੀ ਹੈ ਅਤੇ ਕਰਮਚਾਰੀ ਨੇ ਮਿਤੀ: 19.12.2023 ਤੋਂ 3 ਮਹੀਨੇ ਦਾ ਜੁਆਇਨ ਕਰਨ ਦਾ ਹੋਰ ਸਮਾਂ ਮੰਗਿਆ। ਇਸ ਸਬੰਧੀ ਇੰਜੀ.ਗੁਰਕੰਵਲ ਸਿੰਘ, ਵਧੀਕ ਨਿਗ.ਇੰਜੀ/ਸਿਵਲ ਡਿਜਾਇਨ, ਦੁਆਰਾ ਇਨਕੁਆਰੀ ਰਿਪੋਰਟ ਦੇ ਸਿੱਟੇ ਵਜੋ ਲਿਖਿਆ ਹੈ ਕਿ:-

*"ਕਰਮਚਾਰੀ ਵੱਲੋਂ ਦਿੱਤੇ ਗਏ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਉਹ ਆਪਣੇ ਘਰ ਦੇ ਹਾਲਾਤਾਂ ਕਾਰਨ ਜੁਆਇਨ ਨਹੀ ਕਰ ਪਾ ਰਿਹਾ ਹੈ ਅਤੇ ਉਸ ਵੱਲੋਂ ਮਿਤੀ: 19.12.2023 ਦੇ ਪੱਤਰ ਵਿੱਚ ਆਖਰੀ ਮੌਕਾ ਮੰਗਦੇ ਹੋਏ ਤਿੰਨ ਮਹੀਨੇ ਦਾ ਸਮਾਂ ਮੰਗਿਆ ਗਿਆ ਹੈ, ਜੋ ਕਿ ਮਿਤੀ:18.03.2024 ਨੂੰ ਖਤਮ ਹੋ ਚੁੱਕਾ ਹੈ। ਇਸ ਲਈ ਕਰਮਚਾਰੀ ਨੂੰ ਉਸ ਦੀ ਬੇਨਤੀ ਮੁਤਾਬਿਕ ਆਖਰੀ ਮੌਕਾ ਦਿੰਦੇ ਹੋਏ, ਉਸ ਵੱਲੋਂ ਮੰਗੇ ਸਮੇਂ ਤੱਕ ਜੁਆਇਨ ਕਰਨ ਦਾ ਮੌਕਾ ਦਿੱਤਾ ਜਾ ਸਕਦਾ ਹੈ ਅਤੇ ਜੇਕਰ ਉਸ ਵੱਲੋਂ ਫਿਰ ਵੀ ਆਪਣੀ ਡਿਊਟੀ ਉਪਰ ਹਾਜਰ ਨਹੀ ਹੋਇਆ ਜਾਂਦਾ ਹੈ ਤਾਂ ਉਸ ਵਿਰੁੱਧ ਕਾਰਪੋਰੇਸ਼ਨ ਦੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ ਜੀ। "*

ਉਪਰੋਕਤ ਨੂੰ ਧਿਆਨ ਵਿੱਚ ਲਿਆਉਂਦੇ ਹੋਏ ਵਿਚਾਰਨਯੋਗ ਹੈ ਕਿ, ਕਰਮਚਾਰੀ ਨੂੰ ਆਪਣੀ ਡਿਊਟੀ ਤੋਂ ਗੈਰਹਾਜ਼ਰ ਹੋਏ ਤਕਰੀਬਨ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਉੱਪ ਮੁੱਖ ਇੰਜੀ/ਸਿਵਲ ਡਿਜਾਈਨ ,

Scanned by CamScanner

ਪੀ ਐਸ ਟੀ ਸੀ ਐਲ, ਪਟਿਆਲਾ ਦੇ ਦਫਤਰ ਦੁਆਰਾ ਅਤੇ ਇਨਕੁਆਰੀ ਅਫਸਰ ਇੰਜੀ ਗੁਰਕੰਵਲ ਸਿੰਘ ਵਧੀਕ ਨਿਗ.ਇੰਜੀ/ਸਿਵਲ ਡਿਜ਼ਾਇਨ ਦੁਆਰਾ ਜਦੋਂ ਵੀ ਕਰਮਚਾਰੀ ਨੂੰ ਉਨਾਂ ਦੇ ਦਫਤਰ ਵਿੱਚ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਲਈ ਪੱਤਰ-ਵਿਹਾਰ ਕੀਤਾ ਗਿਆ ਹੈ, ਕਰਮਚਾਰੀ ਦੁਆਰਾ ਖੁੱਦ ਪੇਸ਼ ਨਾਂ ਹੋ ਕੇ ਪੱਤਰ ਦੇ ਜਰੀਏ ਹੀ ਗੱਲ-ਬਾਤ ਕੀਤੀ ਗਈ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਹੋ ਸਕਦਾ ਹੈ ਕਰਮਚਾਰੀ ਆਪਣੇ ਤੈਨਾਤੀ ਸਟੇਸ਼ਨ ਜਾਂ ਆਪਣੇ ਘਰ ਵਿੱਚ ਮੌਜੂਦ ਨਹੀ ਹੈ। ਇਸ ਲਈ ਉਸ ਦੁਆਰਾ ਪੇਸ਼ ਕੀਤੇ ਸਪਸ਼ਟੀਕਰਨ ਵਾਜਿਬ ਨਹੀ ਜਾਪਦੇ ਹਨ।

ਇਸ ਉਪਰੰਤ ਨਿਮਨਹਸਤਾਖਰ ਵੱਲੋਂ ਦਿੱਤੀ ਗਈ ਟਿੱਪਣੀ ਅਨੁਸਾਰ ਕਰਮਚਾਰੀ ਨੂੰ ਮੀਮੋ ਨੰ 487.ਮਿਤੀ 25.01.2024 ਅਨੁਸਾਰ ਅੰਤਿਮ ਮੌਕਾ ਦਿੰਦੇ ਹੋਏ , ਕਰਮਚਾਰੀ ਨੂੰ ਪੱਤਰ ਜਾਰੀ ਹੋਣ ਦੇ 7 ਦਿਨਾਂ ਦੇ ਅੰਦਰ ਅੰਦਰ ਆਪਣੇ ਪਾਸਪੋਰਟ ਦੀਆਂ ਕਾਪੀਆਂ, ਜਿਸ ਦਾ ਕਿ ਹਰੇਕ ਪੰਨਾ ਨੋਟਰੀ ਤੋਂ ਤਸਦੀਕ ਕਰਵਾ ਕੇ , ਦਫਤਰ ਵਿੱਚ ਵਧੀਕ ਨਿਗਰਾਨ ਇੰਜ./ਵਰਕਸ ਐਂਡ ਆਡਿਟ , ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ ਦੇ ਦਫਤਰ ਵਿਖੇ ਪੇਸ਼ ਹੋਣ ਲਈ ਕਿਹਾ ਗਿਆ, ਪ੍ਰੰਤੂ ਕਰਮਚਾਰੀ ਨਾਂ ਤਾਂ ਖੁਦ ਪੇਸ਼ ਹੋਇਆ ਅਤੇ ਨਾ ਹੀ ਕੋਈ ਦਸਤਾਵੇਜ ਦਫਤਰ ਵਿਖੇ ਜਮਾਂ ਕਰਵਾਏ ਗਏ। **ਇਸੇ ਦੌਰਾਨ ਵਧੀਕ ਨਿਗਰਾਨ ਇੰਜ./ਸਿਵਲ (ਡੀ), ਪੀ.ਐਸ.ਟੀ.ਸੀ.ਐਲ. ਪਟਿਆਲਾ ਦੇ ਦਫਤਰੀ ਮੀਮੋ ਨੰ. 98 ਮਿਤੀ 29.01.2024 ਰਾਹੀ ਕਰਮਚਾਰੀ ਦਾ ਅਸ਼ਤੀਫਾ ਇਸ ਦਫਤਰ ਵਿਖੇ ਪ੍ਰਾਪਤ ਹੋਇਆ ।**

ਇਸ ਉਪਰੰਤ ਨਿਮਨਹਸਤਾਖਰ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਮਚਾਰੀ ਨੂੰ ਖੁਦ ਪੇਸ਼ ਹੋ ਕੇ ਪਾਸਪੋਰਟ ਦੀਆਂ ਨੋਟਰਾਇਜ਼ਡ ਕਾਪੀਆਂ ਪੇਸ਼ ਕਰਨ ਲਈ ਇੱਕ ਹੋਰ ਮੌਕਾ ਦਿੰਦੇ ਹੋਏ ਤਿੰਨ ਦਿਨ ਦਾ ਸਮਾਂ ਇਸ ਦਫਤਰ ਦੇ ਮੀਮੋਂ ਨੰ.805 ਮਿਤੀ 13.02.2024 ਅਨੁਸਾਰ ਦਿੱਤਾ ਗਿਆ, ਜੋ ਕਿ ਮਿਤੀ 14.02.2024 ਨੂੰ ਰਾਜਿਸਟਰਡ ਪੋਸਟ ਰਾਹੀਂ ਉਸ ਦੇ ਘਰ ਦੇ ਪਤੇ ਉੱਤੇ ਡਿਲਿਵਰ ਹੋਇਆ ਹੈ। ਪ੍ਰੰਤੂ 7 ਦਿਨਾਂ ਦਾ ਸਮਾਂ ਪੁੱਗਣ ਉਪਰੰਤ ਵੀ ਕਰਮਚਾਰੀ ਵੱਲੋਂ ਕੋਈ ਜਵਾਬ ਨਹੀ ਦਿੱਤਾ ਗਿਆ ਅਤੇ ਨਾ ਹੀ ਕਰਮਚਾਰੀ ਇਸ ਦਫਤਰ ਵਿਖੇ ਪੇਸ਼ ਹੋਇਆ ।

ਇਸ ਕੇਸ ਨੂੰ ਵਾਚਣ/ਘੋਖਣ ਉਪਰੰਤ ਕੁਦਰਤੀ ਨਿਆ ਦੇ ਸਿਧਾਂਤਾ/ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੋਸ਼ ਸੂਚੀ ਦਾ ਫੈਸਲਾ ਕਰਨ ਤੋ ਪਹਿਲਾਂ ਇਸ ਦਫਤਰ ਦਾ ਮੀਮੋ ਨੰ. 970/72 ਮਿਤੀ 26.02.2024 ਕਰਮਚਾਰੀ ਨੂੰ ਰਜਿਸਟਰਡ ਡਾਕ ਰਾਹੀ ਜਾਰੀ ਕੀਤਾ ਗਿਆ ਜੋ ਕਿ ਮਿਤੀ 27.02.2024 ਨੂੰ ਘਰ ਦੇ ਪਤੇ ਤੇ ਡਿਲਿਵਰ ਹੋਇਆ ਹੈ ਅਤੇ ਜਿਸ ਨੂੰ ਪੀ.ਐਸ.ਟੀ.ਸੀ.ਐਲ. ਦੀ ਵੈਬ ਸਾਈਟ ਤੇ ਵੀ ਅਪਲੋਡ ਕੀਤਾ ਗਿਆ ਅਤੇ ਜਾਰੀ ਹੋਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ, ਇਸੀ ਪੱਤਰ ਨੂੰ ਕਰਮਚਾਰੀ ਦੇ ਦਾਦਾ ਜੀ (ਸ੍ਰੀ ਹੰਸ ਰਾਜ) ਵੱਲੋਂ ਕਰਮਚਾਰੀ ਦੇ ਨਿੱਜੀ ਪਤੇ ਤੇ ਮਿਤੀ 29.02.2024 ਨੂੰ ਪ੍ਰਾਪਤ ਕੀਤਾ ਗਿਆ ਸੀ। ਪ੍ਰੰਤੂ ਕਰਮਚਾਰੀ ਨਿਰਧਾਰਤ ਸਮੇਂ ਤੇ ਨਿਮਨ ਹਸਤਾਖਰ ਦੇ ਚੈਂਬਰ ਵਿਖੇ ਆਪਣਾ ਪੱਖ ਰੱਖਣ ਲਈ ਨਾ ਖੁਦ ਪੇਸ਼ ਹੋਇਆ ਅਤੇ ਨਾ ਹੀ ਉਸ ਵਲੋਂ ਆਪਣੇ ਤੇ ਲਗਾਏ ਗਏ ਦੋਸ਼ਾਂ ਪ੍ਰਤੀ ਕੋਈ ਸਪਸ਼ਟੀਕਰਨ ਭੇਜਿਆ ਗਿਆ। ਜਿਸ ਤੋਂ ਨਿਮਨਹਸਤਾਖਰ ਨੂੰ ਇਹ ਪੱਕੇ ਤੌਰ ਤੇ ਯਕੀਨ ਹੋ ਗਿਆ ਹੈ ਕਿ ਸ੍ਰੀ ਪਾਰਸ ਵਰਮਾ, ਜੇ.ਈ./ਸਿਵਲ (ਆਈ.ਡੀ.ਨੰ. 602071) ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜਰ ਹੋਇਆ ਹੈ । ਇਸ ਤੋਂ ਇਲਾਵਾ ਕਰਮਚਾਰੀ ਦੀ ਮਿਸਲ ਲੀਗਲ ਸ਼ੈਕਸ਼ਨ ਦੀ ਰਾਏ ਲੈਣ ਲਈ ਭੇਜੀ ਗਈ ਅਤੇ ਲੀਗਲ ਸ਼ੈਕਸ਼ਨ, ਪੀ.ਐਸ.ਟੀ.ਸੀ.ਐਲ. ਹੇਠ ਲਿਖੇ ਅਨੁਸਾਰ ਆਪਣੀ ਰਾਏ ਦਿੱਤੀ ਗਈ:-

***"Matter regarding taking appropriate disciplinary action as per rules and regulations against Sh. Paras Verma who is absent from duty, is administrative in nature. In view of***

Scanned by CamScanner

*circumstances of this case. His office appears to be justified in asking for the passport record of absentee. If the absentee fails to provide the record as desired by his office and fails to attend the office on 19.03.2024 then proceedings under Regulation 5 Clause v to ix may be initiated after following the proper procedure as mentioned in Rules."*

ਉਪਰੋਕਤ ਦਰਸਾਈ ਸਥਿਤੀ ਤੋਂ ਨਿਮਨਹਸਤਾਖਰ ਇਸ ਸਿੱਟੇ ਤੇ ਪਹੁੰਚਿਆ ਹੈ ਕਿ ਅਧਿਕਾਰੀ ਮਹਿਕਮੇ ਦੇ ਨਿਯਮਾਂ ਅਨੁਸਰ ਕਮਾਈ ਛੁੱਟੀ ਮਾਨਣ ਉਪਰੰਤ ਆਪਣੀ ਤੈਨਾਤੀ ਸਟੇਸ਼ਨ ਤੇ ਹਾਜਰ ਨਾ ਹੋਣ ਲਈ ਪੂਰੀ ਤਰ੍ਹਾਂ ਜਿੰਮੇਵਾਰ ਹੈ ਅਤੇ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਰਹਿਣ ਕਾਰਨ ਉਸ ਉਪਰ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਹੁੰਦੇ ਹਨ, ਜਿਸ ਲਈ ਸ੍ਰੀ ਪਾਰਸ ਵਰਮਾ, ਜੇ.ਈ./ਸਿਵਲ ਸਪੁੱਤਰ ਸ੍ਰੀ ਰਾਜ ਕੁਮਾਰ (ਆਈ.ਡੀ.ਨੰ. 602071) ਵਿਰੁੱਧ ਪੀ.ਐਸ.ਟੀ.ਸੀ.ਐਲ. ਵਲੋਂ ਸਾਰੀ ਵਿਭਾਗੀ (departmental) ਕਾਰਵਾਈ ਕਰਨ ਉਪਰੰਤ ਵੀ ਲਗਭਗ ਇੱਕ ਸਾਲ ਤੋਂ ਵੱਧ ਦੇ ਸਮੇਂ ਤੋਂ ਡਿਊਟੀ ਤੇ ਹਾਜਰ ਨਾ ਹੋਣ ਕਾਰਨ ਕਰਮਚਾਰੀ ਵਿਰੁੱਧ ਇਕਤਰਫਾ ਕਾਰਵਾਈ ਕਰਦੇ ਹੋਏ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਤੋਂ ਡਿਸਮਿਸ ਕੀਤਾ ਜਾਵੇ। ਇਸ ਲਈ ਮੈਂ, ਸੰਜੀਵ ਸੂਦ, ਮੁੱਖ ਇੰਜ./ਟੀ.ਐਸ., ਪੀ.ਐਸ.ਟੀ.ਸੀ.ਐਲ. ਪਟਿਆਲਾ , ਸਜ਼ਾ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਪਾਰਸ ਵਰਮਾ, ਜੇ.ਈ. /ਸਿਵਲ ਸਪੁੱਤਰ ਸ੍ਰੀ ਰਾਜ ਕੁਮਾਰ (ਆਈ.ਡੀ. ਨੰ. 602071) ਨੂੰ ਵਿਸ਼ਾ ਚਰਚਿਤ ਦੋਸ਼ ਸੂਚੀ ਵਿੱਚ ਦਰਸਾਏ ਗਏ ਦੋਸ਼ਾਂ ਲਈ ਜਿੰਮੇਵਾਰ ਮੰਨਦੇ ਹੋਏ ਕਰਮਚਾਰੀ ਸਜ਼ਾ ਅਤੇ ਅਪੀਲ ਰੈਗੂਲੇਸ਼ਨ -1971 (ਸ਼ਜਾ ਅਤੇ ਅਪੀਲ ) ਦੀ ਧਾਰਾਂ -5 ਕਲਾਜ (IX) ਜੋ ਕਿ ਰੈਗੂਲੇਸ਼ਨ -8 ਨਾਲ ਪੜਿਆ ਜਾਵੇ ਅਧੀਨ ਸ੍ਰੀ ਪਾਰਸ ਵਰਮਾ, ਜੇ.ਈ. /ਸਿਵਲ (ਆਈ.ਡੀ. ਨੰ.602071) ਨੂੰ ਮਹਿਕਮੇ ਦੀਆਂ ਸੇਵਾਵਾਂ ਤੋਂ ਉਸ ਦੇ ਗੈਰ ਹਾਜ਼ਰ ਦੀ ਮਿਤੀ ਭਾਵ ਮਿਤੀ 27.03.2023 ਤੋਂ (ਸੇਵਾ ਤੋਂ ਬਰਖਾਸਤ) ਦੀ ਪ੍ਰਵਾਨਗੀ ਦਿੰਦਾ ਹਾਂ।

ਉਪਰੋਕਤ ਅਨੁਸਾਰ ਕਰਮਚਾਰੀ ਵੱਲੋ ਵੱਖ ਵੱਖ ਸਮੇਂ ਉੱਤੇ ਦਿੱਤੇ ਗਏ ਬਦਲਵੇਂ ਜਵਾਬ ਅਤੇ ਦੋਸ਼ ਸੂਚੀ ਦਾ ਸਪਸ਼ਟੀਕਰਨ ਦੇਣ ਦੀ ਬਜਾਏ ਪੱਤਰ ਵਿਹਾਰ ਕਰਨਾ, ਖੁਦ ਪੇਸ਼ ਨਾਂ ਹੋਣਾ ਅਤੇ ਪਾਸਪੋਰਟ ਦੀਆਂ ਨੋਟਰਾਈਜਡ ਕਾਪੀਆਂ ਲੈ ਕੇ ਨਾ ਆਉਣਾ, ਪੰਜਾਬ ਰਾਜ ਬਿਜਲੀ ਬੋਰਡ ਦੇ ਰੈਗੂਲੇਸ਼ਨ -1971 (ਸ਼ਜਾ ਅਤੇ ਅਪੀਲ ) ਦੀ ਧਾਰਾਂ -5 ਕਲਾਜ (IX) ਜੋ ਕਿ ਰੈਗੂਲੇਸ਼ਨ -8 ਨਾਲ ਪੜ੍ਹਿਆ ਜਾਵੇ, ਅਨੁਸਾਰ ਕਰਮਚਾਰੀ ਨੂੰ ਮਹਿਕਮੇ ਦੀਆਂ ਸੇਵਾਵਾਂ ਤੋਂ ਉਸ ਦੇ ਗੈਰਹਾਜ਼ਰ ਹੋਣ ਦੀ ਮਿਤੀ ਭਾਵ 27.03.2023 ਤੋਂ ਸੇਵਾ ਤੋਂ ਬਰਖਾਸਤ (Dismissal from Service) ਕੀਤਾ ਜਾਂਦਾ ਹੈ।

| | |
|---|---|
| 1. ਨਾਮ ਅਤੇ ਅਹੁੱਦਾ: | ਸ੍ਰੀ ਪਾਰਸ ਵਰਮਾ, ਜੇ.ਈ./ਸਿਵਲ (ਆਈ.ਡੀ.ਨੰ. 602071) |
| 2. ਜਨਮ ਮਿਤੀ : | 01.04.1994 |
| 3. ਪਿਤਾ ਦਾ ਨਾਮ: | ਸ੍ਰੀ ਰਾਜ ਕੁਮਾਰ |
| 4. ਪੀ.ਐਸ.ਟੀ.ਸੀ.ਐਲ. ਵਿੱਚ ਜੁਆਇੰਨ ਕਰਨ ਦੀ ਮਿਤੀ: 16.07.2018 (ਦੁ.ਪ) | |
| 5. ਰਿਟਾਇਰਮੈਂਟ ਦੀ ਮਿਤੀ : | 31.03.2052 |

ਮੁੱਖ ਇੰਜੀਨੀਅਰ/ਟੀ.ਐਸ.,
ਪੀ.ਐਸ.ਟੀ.ਸੀ.ਐਲ., ਪਟਿਆਲਾ।

Scanned by CamScanner

ਪਿੱਠ ਅੰਕਣ ਨੰ: 1455/66 ਮਿਤੀ: 27/3/24

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਉਪ ਮੁੱਖ ਇੰਜ./ਸਿਵਲ (ਡੀ),ਪੀ.ਐਸ.ਟੀ.ਸੀ.ਐਲ. ਪਟਿਆਲਾ। ਅਤੇ ਇਸ ਦਾ ਇੰਦਰਾਜ ਸੇਵਾ ਪੱਤਰੀ ਵਿੱਚ ਕਰਵਾਉਣ ਅਤੇ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।

2) ਨਿਗਰਾਨ ਇੰਜੀ./ਸਿਵਲ ਨਿਰਮਾਣ ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਹਾਇਕ ਇੰਜੀ./ਸਿਵਲ ਨਿਰਮਾਣ ਉਪ ਮੰਡਲ, ਪੀ.ਐਸ.ਟੀ.ਸੀ.ਐਲ. ਮੁਕਤਸਰ ਸਾਹਿਬ ਵੱਲੋਂ ਪੱਤਰ ਕਰਮਚਾਰੀ ਤੋਂ ਰਸੀਵ ਕਰਵਾ ਕੇ ਪ੍ਰਾਪਤੀ ਰਸੀਦ ਇਸ ਦਫਤਰ ਨੂੰ ਦੋ ਦਿਨਾਂ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ।

3) ਨਿਗਰਾਨ ਇੰਜੀ./ਸਿਵਲ ਡਿਜ਼ਾਇਨ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਾ ਇੰਦਰਾਜ ਸੇਵਾ ਪੱਤਰੀ ਵਿੱਚ ਕਰਵਾਉਣ ਉਪਰੰਤ ਇਸਦੀ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।

4) ਵਧੀਕ ਨਿਗਰਾਨ ਇੰਜ./ਟ੍ਰੇਨਿੰਗ ਸੈਲ (ਪੀ ਤੇ ਆਰ), ਪੀ.ਐਸ.ਟੀ.ਸੀ.ਐਲ. ਪਟਿਆਲਾ।

5) ਵਧੀਕ ਨਿਗਰਾਨ ਇੰਜ./ ਸੈਲ (ਸੈਲ-2), ਪੀ.ਐਸ.ਟੀ.ਸੀ.ਐਲ. ਪਟਿਆਲਾ।

6) ਉਪ ਸਕੱਤਰ/ਅਮਲਾ (ਭਰਤੀ),ਪੀ.ਐਸ.ਟੀ.ਸੀ.ਐਲ. ਪਟਿਆਲਾ।

7) ਸੀਨੀ. ਕਾ.ਕਾ.ਇੰਜ./ਪ੍ਰਸੋਨਲ, ਪੀ.ਐਸ.ਟੀ.ਸੀ.ਐਲ. ਪਟਿਆਲਾ।

8) ਸਹਾਇਕ ਕਾ.ਕਾ.ਇੰਜ./ਸਿਵਲ (ਡੀ) , ਪੀ.ਐਸ.ਟੀ.ਸੀ.ਐਲ. ਪਟਿਆਲਾ।

9) ਲੇਖਾ ਅਫਸਰ/ਐਨ.ਪੀ.ਐਸ., ਪੀ.ਐਸ.ਟੀ.ਸੀ.ਐਲ. ਪਟਿਆਲਾ।

10) ਲੇਖਾ ਅਫਸਰ/ਤਨਖਾਹ ਤੇ ਲੇਖਾ, (ਨਾਨ ਗਜਟੀ),ਪੀ.ਐਸ.ਟੀ.ਸੀ.ਐਲ. ਪਟਿਆਲਾ

11) ਲੇਖਾ ਅਫਸਰ/ਕੈਸ਼, ਪੀ.ਐਸ.ਟੀ.ਸੀ.ਐਲ., ਪਟਿਆਲਾ।

12) ਲਾਅ ਅਫਸਰ ਗ੍ਰੇਡ.-1. ਪੀ.ਐਸ.ਟੀ.ਸੀ.ਐਲ. ਪਟਿਆਲਾ।

13) ਇੰਜ. ਪਾਰਸ ਵਰਮਾ, ਜੇ.ਈ./ਸਿਵਲ, (ਆਈ.ਡੀ.ਨੰ. 602071) ਜਨਮ ਮਿਤੀ 01.04.1994 ਪੁੱਤਰ ਸ੍ਰੀ ਰਾਜ ਕੁਮਾਰ, ਮਕਾਨ ਨੰ. 406, ਗਲੀ ਨੰ. 1, ਤਿਲਕ ਨਗਰ, ਸ੍ਰੀ ਮੁਕਤਸਰ ਸਾਹਿਬ, (152026) ਮੋਬਾਇਲ ਨੰ. 92052-05849) (ਰਜਿਸਟਰਡ)

ਵਧੀਕ ਨਿਗਰਾਨ ਇੰਜੀ./ਡਬਲਿਊ ਐਂਡ ਏ.,
ਵਾ : ਮੁੱਖ ਇੰਜੀਨੀਅਰ/ਟੀ.ਐਸ.,
ਪੀ.ਐਸ.ਟੀ.ਸੀ.ਐਲ., ਪਟਿਆਲਾ।

ਸੀ.ਸੀ. 1467/70 ਮਿਤੀ 27.3.24

1) ਸੀਨੀ. ਨਿੱਜੀ ਸਕੱਤਰ ਟੂ.ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ।

2) ਸੀਨੀ. ਨਿੱਜੀ ਸਕੱਤਰ ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ।

3) ਸੀਨੀ. ਨਿੱਜੀ ਸਕੱਤਰ ਟੂ ਡਾਇਰਕੈਟਰ/ਟੈਕਨੀਕਲ , ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ।

4) ਸੀਨੀ. ਨਿੱਜੀ ਸਕੱਤਰ ਟੂ ਡਾਇਰਕੈਟਰ/ਵਿੱਤ, ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ।

Scanned by CamScanner